# 18 ਬੋਤਲਾਂ ਸ਼ਰਾਬ ਸਮੇਤ ਇਕ ਗ੍ਰਿਫ਼ਤਾਰ

ਭਰਤਗੜ੍ਹ, 6 ਜਨਵਰੀ (ਜਸਬੀਰ ਸਿੰਘ ਬਾਵਾ)-ਸਥਾਨਕ ਪੁਲਿਸ ਨੇ ਬੜਾ ਪਿੰਡ 'ਚ ਭੁੱਲਰ ਗੈਸ ਏਜੰਸੀ ਕੋਲ ਕੀਤੀ ਨਾਕੇਬੰਦੀ ਦੌਰਾਨ 18 ਬੋਤਲਾਂ ਸ਼ਰਾਬ ਸਮੇਤ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਂਚ ਅਧਿਕਾਰੀ ਸੁਸ਼ੀਲ ਕੁਮਾਰ ਨੇ ਦੱਸਿਆ ਕਿ ਦੇਰ ਰਾਤ ਉਕਤ ਥਾਂ 'ਤੇ ਸਥਾਨਕ ਪੁਲਿਸ ਪਾਰਟੀ ਨੇ ਨਾਕੇਬੰਦੀ ਕੀਤੀ ਸੀ, ਰੇਲਵੇ ਟਰੈਕ ਪਾਸਿਓਂ ਇਕ ਵਿਅਕਤੀ ਪੈਦਲ ਆ ਰਿਹਾ ਸੀ, ਪੁਲਿਸ ਪਾਰਟੀ ਨੇ ਬੈਟਰੀ ਦੀ ਰੌਸ਼ਨੀ ਮਾਰ ਕੇ ਉਸ ਨੂੰ ਰੋਕਿਆ ਤੇ ਸ਼ੱਕ ਪੈਣ 'ਤੇ ਉਸ ਦੇ ਥੈਲੇ ਦੀ ਤਲਾਸ਼ੀ ਲੈਣ ਮਗਰੋਂ ਉਸ ਕੋਲੋਂ 18 ਬੋਤਲਾਂ ਮਾਲਵਾ ਨੰਬਰ-1, ਦੇਸੀ ਸ਼ਰਾਬ ਬਰਾਮਦ ਹੋਈ। ਇਸ ਸੰਬੰਧੀ ਉਕਤ ਵਿਅਕਤੀ ਪਰਮਿਟ ਜਾਂ ਹੋਰ ਕਾਗਜ਼ਾਤ ਨਹੀਂ ਦਿਖਾ ਸਕਿਆ। ਇਨ੍ਹਾਂ ਦੱਸਿਆ ਕਿ ਉਕਤ ਦੀ ਸ਼ਨਾਖ਼ਤ ਰਾਜੂ ਪੁੱਤਰ ਨਰਸਿਗ ਪਾਸਵਾਨ, ਵਾਸੀ ਨਿੰਬੂਆਂ ਨੌਰੰਗੀਆਂ, ਜ਼ਿਲ੍ਹਾ: ਖੁਸ਼ੀ ਨਗਰ (ਯੂ. ਪੀ.) ਹਾਲ ਵਾਸੀ ਸ਼ਾਹਪੁਰ ਵਜੋਂ ਕਰਕੇ ਲੋੜੀਂਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ਼ ਕਰਕੇ ਬਰਜ਼ਮਾਨਤ ਘਰ ਭੇਜ ਦਿੱਤਾ ਗਿਆ ਹੈ।

ਅਜੀਤ ®©
07-Jan-2022
Page: 6
http://epaper.ajitjalandhar.com/edition/20220107/10/6.cr